O/o SUB DIVISIONAL ENGINEER, PROVL. SUB DIVISION, PWD B&R, KHARAR
E-MAIL Subdivisionkharar78@gmail.com

ਵੱਲ,

Principal,
Edustar Adarsh Sen. Sec. School,
Vill. Kalewal Tehsil Kharar,
Distt. SAS Nagar.

ਨੰ: 272 ਮਿਤੀ: 24/8/23

ਵਿਸ਼ਾ:- ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟਿਫਿਕੇਟ ਜਾਰੀ ਕਰਨ ਬਾਰੇ (ਸਾਲ 2023-2024)।

ਹਵਾਲਾ:- ਆਪ ਜੀ ਦਾ ਪੱਤਰ ਨੰ **285** ਮਿਤੀ: 21.08.2023.

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ ਇਸ ਉਪ ਮੰਡਲ ਅਧੀਨ ਕੰਮ ਕਰ ਰਹੇ ਸ੍ਰੀ ਨਰੇਸ਼ ਵਰਮਾ, ਸਹਾਇਕ ਇੰਜੀਨੀਅਰ ਵੱਲੋ Edustar Adarsh Sen. Sec. School, Vill. Kalewal, Tehsil Kharar, Distt. SAS Nagar ਦੀ ਮੌਕੇ ਤੇ ਵਿਜ਼ੂਅਲ ਇੰਸਪੈਕਸ਼ਨ ਕੀਤੀ ਗਈ। ਇਮਾਰਤ ਦੀ ਪ੍ਰਾਪਤ ਰਿਪੋਰਟ ਅਨੁਸਾਰ ਬਿਲਡਿੰਗ ਠੀਕ ਜਾਪਦੀ ਹੈ।ਮਾਨਯੋਗ ਸਕੱਤਰ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਚੰਡੀਗੜ੍ਹ ਜੀ ਦਫਤਰੀ ਆਰਡਰ ਨੰ 5/13/2018/3ਬੀਆਰ3/1294287/3 ਮਿਤੀ 10.08.2018 ਰਾਹੀਂ ਇਮਾਰਤ ਦੀ ਲੋੜੀਂਦੀ 1 ਸਾਲ ਦੀ ਬਣਦੀ ਫੀਸ 15,000 ਰੁਪਏ ਈ-ਚਲਾਨ ਰਸੀਦ ਨੰ 206928533 ਮਿਤੀ 23.08.2023 ਰਾਹੀਂ ਸਟੇਟ ਬੈਂਕ ਆਫ ਇੰਡੀਆ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2024 ਤੱਕ ਹੇਠ ਲਿਖੀ ਸ਼ਰਤਾ ਤੇ ਜਾਰੀ ਕੀਤਾ ਜਾਂਦਾ ਹੈ:-

1. ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇ ਬਿਲਡਿੰਗ ਦੇ ਸਟਰਕਚਰਲ ਡਿਜਾਇਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਅਥਾਰਿਟੀ ਖੁਦ ਜਿੰਮੇਵਾਰ ਹੋਵੇਗੀ।

2. ਜੇਕਰ ਸਕੂਲ ਅਥਾਰਿਟੀ ਵੱਲੋ ਬਿਲਡਿੰਗ ਵਿੱਚ ਕਸੇ ਵੀ ਤਰ੍ਹਾਂ ਦੀ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋ ਬਾਅਦ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇਗਾ।

3. ਜੇਕਰ ਬਿਲਡਿੰਗ ਨੂੰ ਹੜ੍ਹ,ਭੂਚਾਲ ਜਾਂ ਕਿਸੇ ਹੋਰ ਕੁਦਰਤੀ ਆਫਤ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਟ ਅਤੇ ਛੱਤਾਂ ਵਿੱਚ ਸੈਗਿੰਗ ਆਉਦੀ ਹੈ ਤਾਂ ਸਕੂਲ ਅਥਾਰਟੀ ਤੁਰੰਤ ਇਸ ਵਿਭਾਗ ਦੇ ਧਿਆਨ ਵਿੱਚ ਲਿਆਵੇਗੀ।

4. ਬਿਲਡਿੰਗ ਦੀ ਹਰ ਪੱਖੋ ਸੇਫਟੀ ਦੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ ਅਤੇ ਆਪ ਹਰ ਸਾਲ ਟੈਕਨੀਕਲ ਕੁਆਲੀਫਾਇਡ ਸਟਰਕਚਰ ਇੰਜੀਨੀਅਰ ਵੱਲੋ ਉਕਤ ਇਮਾਰਤ ਦਾ ਤਸਦੀਕਸ਼ੁਦਾ ਫਿਟਨੈਸ ਸਰਟੀਫਿਕੇਟ ਲੈਣ ਉਪਰੰਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

5. ਅੱਗ ਬੁਝਾਊ ਯੰਤਰ ਸਬੰਧਿਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਤਸੱਲੀਬੱਖਸ਼ ਅਤੇ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਆਪ ਹਰ ਸਾਲ ਸਬੰਧਤ ਵਿਭਾਗ ਤੋ ਫਾਇਰ ਸੇਫਟੀ ਸਰਟੀਫਿਕੇਟ ਲੈਣ ਉਪਰੰਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

O/o SUB DIVISIONAL ENGINEER, PROVL. SUB DIVISION, PWD B&R,
KHARAR
E-MAIL Subdivisionkharar78@gmail.com

6. ਪੰਜਾਬ ਸਰਕਾਰ ਵੱਲੋ ਭਵਿੱਖ ਵਿੱਚ ਸਮੇ-ਸਮੇ ਤੇ ਜਾਰੀ ਕੀਤੀਆਂ ਹਦਾਇਤਾਂ/ਸ਼ਰਤਾਂ/ਨੋਟੀਫਿਕੇਸ਼ਨ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ। ਜੇਕਰ ਇਸ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਵੈਧਤਾ ਦੌਰਾਨ ਕਦੇ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਹਿੱਤ ਫੀਸ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਆਪ ਇਸ ਵਧੀ ਹੋਈ ਫੀਸ ਨੂੰ ਉਸ ਸਮੇ ਤੋ ਇਸ ਉਪ ਮੰਡਲ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

7. ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀ ਹੋਵੇਗਾ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ:ਭਤੇਮ ਸ਼ਾਖਾ,
ਖਰੜ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ 1, ਲੋ:ਨਿ:ਵਿ:ਭ ਤੇ ਮ ਸ਼ਾਖਾ, ਐਸ.ਏ.ਐਸ ਨਗਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ:ਭਤੇਮ ਸ਼ਾਖਾ,
ਖਰੜ।